# Hate Crime Prevention Tips

## for Sikh Taxi and Rideshare Drivers



With the rise of attacks motivated by hate, we urge all Sikh taxi and rideshare drivers to exercise caution. If you believe someone committed a crime against you or your property because you are Sikh or because of your identity/background, it may be a hate crime. For support, please call the Sikh Coalition at 212-655-3095 or visit www.sikhcoalition.org/legalhelp

### Be aware and alert at all times

- Keep windows rolled up so no one can reach in.
- If local rules and regulations permit, consider keeping your front doors locked, unless a passenger is getting in or out.
- Learn the local rules and regulations on how to handle passengers who become disorderly or are intoxicated.
- If local rules and regulations permit, avoid seating passengers in the front of the vehicle (when it is not a reasonable request).
- Greet, smile, and look at all passengers so that you can identify them later, if need be.
- Always confirm the passenger's destination before driving away.

### In case of unruly passengers or an attack

1. Activate emergency signals or buttons.
2. Turn on cameras if not already on.
3. Ask passengers to exit the vehicle immediately.
4. Notice and memorize as many details as possible about your passenger(s) to share with emergency officials.
5. Get to a safe location and call 911 immediately (please be aware that law enforcement should not ask you about your immigration status and in the event that they do, you have the right to not answer this question).
6. Notify your company of the incident and your location. Ask the company to preserve all communications and passenger details. If you are able to, save passenger information onto your phone (take screenshots).
7. Notify the Sikh Coalition by calling 212-655-3095 or visiting www.sikhcoalition.org/legalhelp

### Always

- Know your local rules and regulations, and your company's emergency procedures.
- Have convex mirrors installed.
- If regulations permit, install a camera and display a *"You are being recorded"* sticker in the passenger's eye view.
- Check that your vehicle, cell phone, and emergency buttons work before every shift.
- Carry a spare vehicle key on you at all times.
- Do a safety check of the inside and outside of the vehicle before starting your shift to make sure nothing is damaged or left behind.

***Your safety and security are a priority for you, your family, and us.***

### Need additional support? Contact your company, driver's union, or the Sikh Coalition.

The Sikh Coalition is available as a free legal resource to advise you of your rights, navigate the criminal justice system, raise awareness about Sikhs in the media, and push for hate crime investigations/prosecutions where appropriate. If possible, please contact the Sikh Coalition before speaking to the media. Releasing certain information publicly could be harmful to a criminal case.

# ਸਿੱਖ ਟੈਕਸੀ ਤੇ ਸਾਂਝੀ ਸਵਾਰੀ ਵਾਲੇ ਡਰਾਇਵਰਾਂ ਲਈ ਨਫ਼ਰਤ ਤੋਂ ਉਪਜੇ ਹਮਲਿਆਂ ਨੂੰ ਰੋਕਣ ਲਈ ਸੁਝਾਅ।



ਨਫ਼ਰਤ ਤੋਂ ਪ੍ਰੇਰਿਤ ਹਮਲਿਆਂ ਦੇ ਵਧਣ ਕਰਕੇ ਅਸੀਂ ਸਾਰੇ ਸਿੱਖ ਟੈਕਸੀ ਡਰਾਇਵਰਾਂ ਨੂੰ ਧਿਆਨ ਰੱਖਣ ਦੀ ਅਪੀਲ ਕਰਦੇ ਹਾਂ। ਜੇ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੇ ਤੁਹਾਡੇ ਸਿੱਖ ਹੋਣ ਕਰਕੇ ਜਾਂ ਤੁਹਾਡੇ ਪਿਛੋਕੜ ਕਰਕੇ ਤੁਹਾਨੂੰ ਜਾਂ ਤੁਹਾਡੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਹੈ ਤਾਂ ਇਹ ਨਫ਼ਰਤੀ ਜ਼ੁਰਮ ਹੋ ਸਕਦਾ ਹੈ। ਸਹਿਯੋਗ ਲਈ ਸਿੱਖ ਕੋਲਿਸ਼ਨ ਨੂੰ 212-655-3095 'ਤੇ ਕਾਲ ਕਰੋ ਜਾਂ www.sikhcoalition.org/legalhelp ਵੇਖੋ।

## ਹਰ ਵਕਤ ਧਿਆਨ ਰੱਖੋ ਤੇ ਸਾਵਧਾਨ ਰਹੋ

- ਗੱਡੀ ਦੇ ਸ਼ੀਸ਼ੇ ਬੰਦ ਕਰਕੇ ਰੱਖੋ ਤਾਂ ਕਿ ਕੋਈ ਅੰਦਰ ਨਾ ਆ ਸਕੇ।
- ਜੇ ਨਿਯਮ ਇਜਾਜ਼ਤ ਦੇਣ ਤਾਂ ਜਦੋਂ ਤੱਕ ਸਵਾਰੀ ਨੇ ਬੈਠਣਾ ਜਾਂ ਉਤਰਨਾ ਨਾ ਹੋਵੇ ਤਾਂ ਅਗਲੇ ਦਰਵਾਜ਼ਿਆਂ ਨੂੰ ਲਾਕ ਕਰਕੇ ਰੱਖੋ।
- ਅਪਣੇ ਲੋਕਲ ਨਿਯਮਾਂ ਦੀ ਜਾਂਚ ਕਰੋ ਅਤੇ ਜਾਣੋ ਕਿ ਜਿਹੜੀਆਂ ਸਵਾਰੀਆਂ ਨਸ਼ੇ ਵਿੱਚ ਜਾਂ ਬਦਤਮੀਜ਼ੀ ਕਰਨ ਉਹਨਾਂ ਨਾਲ ਕਿਵੇਂ ਨਿਬੜਿਆ ਜਾਵੇ।
- ਜੇ ਨਿਯਮ ਇਜਾਜ਼ਤ ਦੇਣ ਤਾਂ ਇਕੱਲੀ ਸਵਾਰੀ ਨੂੰ ਗੱਡੀ ਦੀ ਅਗਲੀ ਸੀਟ ਤੇ ਬਿਠਾਉਣ ਤੋਂ ਪ੍ਰਹੇਜ ਕਰੋ। (ਜੇ ਉਹਨਾਂ ਦੀ ਬੇਨਤੀ ਵਾਜਬ ਨਹੀਂ ਹੈ)
- ਸਵਾਰੀਆਂ ਦਾ ਸਵਾਗਤ ਕਰੋ, ਮੁਸਕਰਾਓ ਅਤੇ ਉਹਨਾਂ ਵੱਲ ਦੇਖੋ ਤਾਂ ਜੋ ਤੁਸੀਂ ਬਾਅਦ ਵਿਚ ਲੋੜ ਪੈਣ ਤੇ ਉਹਨਾਂ ਦੀ ਪਛਾਣ ਕਰ ਸਕੋ।
- ਗੱਡੀ ਚਲਾਉਣ ਤੋਂ ਪਹਿਲਾਂ, ਸਵਾਰੀ ਦੀ ਮੰਜ਼ਲ ਬਾਰੇ ਤਸਦੀਕ ਜ਼ਰੂਰ ਕਰੋ।

## ਮੂੰਹ–ਜ਼ੋਰ ਮੁਸਾਫ਼ਰਾਂ ਜਾਂ ਹਮਲਾ ਹੋਣ ਦੇ ਕੇਸ ਵਿੱਚ।

੧. ਐਮਰਜੈਂਸੀ ਸਿਗਨਲਾਂ ਜਾਂ ਬਟਨਾਂ ਨੂੰ ਸਰਗਰਮ ਕਰੋ।
੨. ਜੇ ਕੈਮਰੇ ਪਹਿਲਾਂ ਚਾਲੂ ਨਹੀਂ ਸਨ ਤਾਂ ਹੁਣ ਚਾਲੂ ਕਰੋ।
੩. ਮੁਸਾਫ਼ਰਾਂ ਨੂੰ ਤੁਰੰਤ ਗੱਡੀ ਵਿੱਚੋਂ ਉਤਰ ਜਾਣ ਲਈ ਕਹੋ।
੪. ਵੱਧ ਤੋਂ ਵੱਧ ਵੇਰਵਿਆਂ ਵੱਲ ਧਿਆਨ ਦਵੋ ਅਤੇ ਉਹਨਾਂ ਨੂੰ ਯਾਦ ਰੱਖੋ ਤਾਂ ਜੋ ਐਮਰਜੈਂਸੀ ਅਧਿਕਾਰੀਆਂ ਨੂੰ ਦੱਸ ਸਕੋ।
੫. ਸੁਰੱਖਿਅਤ ਟਿਕਾਣੇ ਤੇ ਜਾਓ ਅਤੇ ਤੁਰੰਤ 911 ਨੂੰ ਕਾਲ ਕਰੋ। (ਯਾਦ ਰੱਖੋ ਕਿ ਲਾਅ ਇਨਫੋਰਸਮੈਂਟ ਨੂੰ ਤੁਹਾਡੇ ਇਮੀਗ੍ਰੇਸ਼ਨ ਸਟੇਟੱਸ ਬਾਰੇ ਸਵਾਲ ਨਹੀਂ ਕਰਨੇ ਚਾਹੀਦੇ ਹਨ ਅਤੇ ਉਹਨਾਂ ਵਲੋਂ ਇੰਝ ਕਰਨ ਉੱਤੇ ਤੁਹਾਡੇ ਕੋਲ ਇਹਨਾਂ ਸਵਾਲਾਂ ਦਾ ਜਵਾਬ ਨਾ ਦੇਣ ਦਾ ਹੱਕ ਹੈ।)
੬. ਹਾਦਸੇ ਅਤੇ ਅਪਣੇ ਟਿਕਾਣੇ ਬਾਰੇ ਅਪਣੀ ਕੰਪਨੀ ਨੂੰ ਜਾਣਕਾਰੀ ਦਵੋ। ਕੰਪਨੀ ਨੂੰ ਸਾਰੀ ਗੱਲਬਾਤ ਅਤੇ ਸਵਾਰੀ ਦੇ ਵੇਰਵੇ ਅਤੇ ਬਾਕੀ ਡਿਟੇਲ ਨੂੰ ਸੰਭਾਲਣ ਲਈ ਕਹੋ। ਜੇ ਤੁਹਾਡੇ ਲਈ ਸੰਭਵ ਹੋਵੇ ਤਾਂ ਸਵਾਰੀ ਦੀ ਜਾਣਕਾਰੀ ਨੂੰ ਅਪਣੇ ਫ਼ੋਨ ਤੇ ਵੀ ਸੰਭਾਲੋ (ਸਕਰੀਨਸ਼ਾਟ ਲਵੋ)।
੭. ਸਿੱਖ ਕੋਲਿਸ਼ਨ ਨੂੰ 212-655-3095 'ਤੇ ਕਾਲ ਕਰੋ ਜਾਂ www.sikhcoalition.org/legalhelp 'ਤੇ ਸੰਪਰਕ ਕਰੋ।

**ਹਮੇਸ਼ਾਂ:**

- ਲੋਕਲ ਨਿਯਮਾਂ ਅਤੇ ਅਪਣੀ ਕੰਪਨੀ ਦੀ ਐਮਰਜੈਂਸੀ ਕਾਰਵਾਈਆਂ ਬਾਰੇ ਜਾਣਕਾਰੀ ਰੱਖੋ।
- ਗੱਡੀ ਵਿਚ ਕਨਵੈਕਸ ਸ਼ੀਸ਼ੇ ਲਾਓ।
- ਜੇ ਨਿਯਮ ਇਜਾਜ਼ਤ ਦੇਣ, ਤਾਂ ਗੱਡੀ ਵਿਚ ਕੈਮਰੇ ਲਾਓ ਅਤੇ ਸਵਾਰੀਆਂ ਦੀ ਨਜ਼ਰ ਵਿਚ "You are being recorded" ਦਾ ਸਟਿੱਕਰ ਲਾਓ।
- ਹਰ ਸ਼ਿਫ਼ਟ ਤੋਂ ਪਹਿਲਾਂ ਅਪਣੀ ਗੱਡੀ, ਮੋਬਾਇਲ ਫ਼ੋਨ ਅਤੇ ਐਮਰਜੈਂਸੀ ਬਟਨਾਂ ਦੀ ਜਾਂਚ ਕਰੋ ਅਤੇ ਪੱਕਾ ਕਰੋ ਕਿ ਸਭ ਕੁਛ ਠੀਕ ਹੈ।
- ਗੱਡੀ ਦੀ ਡੁਪਲੀਕੇਟ ਚਾਬੀ ਹਮੇਸ਼ਾ ਅਪਣੇ ਕੋਲ ਰੱਖੋ।
- ਅਪਣੀ ਸ਼ਿਫ਼ਟ ਸ਼ੁਰੂ ਕਰਨ ਤੋਂ ਪਹਿਲਾਂ ਅਪਣੀ ਗੱਡੀ ਦੀ ਅੰਦਰੋਂ ਅਤੇ ਬਾਹਰੋਂ ਚੰਗੀ ਤਰਾਂਹ ਸਕਿਊਰਟੀ ਜਾਂਚ ਕਰੋ ਅਤੇ ਪੱਕਾ ਕਰੋ ਕਿ ਕਿੱਸੇ ਤਰਾਂਹ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ ਅਤੇ ਨਾਲੇ ਕੁੱਛ ਪਿੱਛੇ ਰਹਿ ਨਾ ਜਾਵੇ।

ਤੁਹਾਡੀ ਸੁਰੱਖਿਆ ਅਤੇ ਸਲਾਮਤੀ ਤੁਹਾਡੇ, ਤੁਹਾਡੇ ਪਰਿਵਾਰ ਅਤੇ ਸਾਡੇ ਲਈ ਸਭ ਤੋਂ ਵੱਧ ਮਹੱਤਵਪੂਰਨ ਹੈ।

**ਹੋਰ ਮਦਦ ਜਾਂ ਸਹਿਯੋਗ ਦੀ ਲੋੜ ਹੈ? ਅਪਣੀ ਕੰਪਨੀ, ਡਰਾਇਵਰ ਯੂਨੀਅਨ ਜਾਂ ਸਿੱਖ ਕੋਲਿਸ਼ਨ ਨਾਲ ਸੰਪਰਕ ਕਰੋ।**

ਸਿੱਖ ਕੋਲਿਸ਼ਨ ਮੁਫ਼ਤ ਕਾਨੂੰਨੀ ਮਦਦ, ਤੁਹਾਨੂੰ ਤੁਹਾਡੇ ਹੱਕਾਂ ਬਾਰੇ ਜਾਣਕਾਰੀ ਦੇਣ, ਅਪਰਾਧਿਕ ਕੇਸਾਂ ਦੀ ਪੈਰਵਾਈ ਕਰਨ, ਮੀਡੀਆ ਵਿਚ ਸਿਖਾਂ ਬਾਰੇ ਸਹੀ ਜਾਣਕਾਰੀ ਦੇ ਕੇ ਲੋਕਾਂ ਨੂੰ ਜਾਗਰੂਕ ਕਰਨ, ਅਤੇ ਜਿਥੇ ਜ਼ਰੂਰੀ ਹੋਵੇ, ਨਫ਼ਰਤੀ ਹਿੰਸਾ ਜਾਂ ਅਪਰਾਧਾਂ ਦੇ ਕੇਸਾਂ ਦੀ ਪੜਤਾਲ ਆਦਿ ਕਰਵਾਉਣ ਵਰਗੀਆਂ ਸਾਰੀਆਂ ਸੇਵਾਵਾਂ ਲਈ ਹਮੇਸ਼ਾ ਉਪਲਬਧ ਅਤੇ ਹਾਜ਼ਿਰ ਹੈ। ਜੇ ਸੰਭਵ ਹੋਵੇ ਤਾਂ ਮੀਡਿਆ ਨਾਲ ਗੱਲ ਕਰਨ ਤੋਂ ਪਹਿਲਾਂ ਸਿੱਖ ਕੋਲਿਸ਼ਨ ਨਾਲ ਗੱਲ ਕਰੋ। ਅਪਰਾਧਿਕ ਕੇਸਾਂ ਵਿੱਚ ਖਾਸ ਜਾਣਕਾਰੀ ਸਾਰਿਆਂ ਨਾਲ ਸਾਂਝੀ ਕਰਨ ਨਾਲ ਨੁਕਸਾਨ ਹੋ ਸਕਦਾ ਹੈ।